بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.02.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਫ਼ਰਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਅਹਮਦੀ ਹੋਣ ਕਰਕੇ ਸਾਡੇ ਉਪੱਰ ਬਹੁਤ ਜ਼ਿੰਮੇਦਾਰੀਆਂ ਪੈ ਰਹੀਆਂ ਹਨ ਜਿੰਨ੍ਹਾ ਨੂੰ ਸਾਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਹਕੀਕੀ ਅਹਮਦੀ ਤਾਂ ਉਹੋ ਹੈ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਪਦ ਚਿੰਨ੍ਹਾ ਉਪੱਰ ਚਲੱਣ ਦਾ ਜਤਨ ਕਰੇ ਅਤੇ ਰੱਬ ਦਾ ਬਨਣ ਦਾ ਜਤਨ ਕਰੇ । ਜੇਕਰ ਕੋਈ ਇਹ ਚਾਹੁੰਦਾ ਹੈ ਕਿ ਦਿਖਾਵੇ ਤੇ ਫ਼ਰੇਬ ਰਾਹੀਂ ਰੱਬ ਨੂੰ ਠੱਗ ਲਿਆਂਗਾ ਤਾਂ ਇਹ ਮੂਰਖਤਾ ਤੇ ਅਗਿਆਨਤਾ ਹੈ

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਕ ਜਲਸੇ'ਤੇ ਇਕ ਸਾਹਬ ਨੇ ਆਪਣੇ ਭਾਸ਼ਣ ਵਿੱਚ ਆਖਿਆ ਕਿ ਹਜ਼ਰਤ ਅਕਦਸ ਅਲੈਹਿ ਸਲਾਮ ਦਾ ਸਿਲਸਿਲਾ ਅਤੇ ਦੂਜੇ ਮੁਸਲਮਾਨਾ ਵਿੱਚ ਕੇਵਲ ਐਨ੍ਹਾ ਅੰਤਰ ਹੈ ਕਿ ਉਹ ਮਰਯੱਮ ਦੇ ਪੁਤੱਰ ਮਸੀਹ ਈਸਾ ਅਲੈਹਿ ਸਲਾਮ ਨੂੰ ਅਕਾਸ਼ ਉਪੱਰ ਜੀਉਂਦਿਆਂ ਚਲੇ ਜਾਣਾ ਮਨੰਦੇ ਹਨ ਅਤੇ ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਉਹ ਫ਼ੌਤ ਹੋ ਚੁਕੇ ਹਨ । ਇਸ ਤੋਂ ਬਿਨਾ ਕੋਈ ਅਜਿਹੀ ਗੱਲ ਨਹੀਂ ਜੋ ਸਾਡੇ ਵਿੱਚ ਅਤੇ ਉਹਨਾਂ ਵਿੱਚ ਵਿਵਾਦ ਯੋਗ ਹੋਵੇ । ਕਿਉਂਕਿ ਇਸ ਗੱਲ ਤੋਂ ਆਪ ਦੀਆਂ ਬਹੁਤ ਸਾਰੀਆਂ ਗੱਲਾਂ ਅਤੇ ਪ੍ਰਗਟ ਹੋਣ ਦਾ ਮੰਤਵ ਸਪਸ਼ਟ ਨਹੀਂ ਹੁੰਦਾ ਸੀ । ਇਸ ਲਈ ਆਪ ਨੇ 27 ਦਸੰਬਰ 1905 ਈ. ਨੂੰ ਆਪ ਇਸ ਗੱਲ ਦੇ ਸਪਸ਼ਟ ਕਰਨ ਲਈ ਭਾਸ਼ਣ ਦਿੱਤਾ ਜਿਸ ਵਿੱਚ ਆਪ ਨੇ ਫ਼ਰਮਾਇਆ ਕਿ ਮੇਰੇ ਪ੍ਰਕਟ ਹੋਣ ਦਾ ਮੰਤਵ ਕੇਵਲ ਐਨ੍ਹੇ ਜਿਹੇ ਅੰਤਰ ਨੂੰ ਪ੍ਰਕਟ ਕਰਨਾ ਨਹੀ ਹੈ । ਐਨ੍ਹੀ ਛੋਟੀ ਜਿਹੀ ਗੱਲ ਲਈ ਰੱਬ ਨੂੰ ਨਵਾਂ ਸਿਲਸਿਲਾ ਕਾਇਮ ਕਰਨ ਦੀ ਲੋੜ ਨਹੀਂ ਸੀ ਸਗੋਂ ਮੁਸਲਮਾਨਾਂ ਦੀ ਅਮਲੀ ਹਾਲਤ ਵੀ ਵਿਗੜ ਚੁੱਕੀ ਸੀ ਜੋ ਮੁਸਲਮਾਨਾਂ ਦੇ ਪਤਨ ਦਾ ਸਬਬ ਬਣ ਰਹੀ ਸੀ । ਜਿੰਨ੍ਹਾ ਦੇ ਸੁਧਾਰ ਲਈ ਰੱਬ ਨੇ ਆਪ ਨੂੰ ਭੇਜਿਆ ਹੈ, ਉਹਨਾਂ ਵਿੱਚੋਂ ਇਕ ਝੂਠ ਤੋਂ ਬਚਣਾ ਅਤੇ ਸਚੱਾਈ ਦੀ ਸਥਪਾਨਾ ਹੈ ਅਤੇ ਆਪਨੇ ਇਸ ਹਵਾਲੇ ਨਾਲ ਜਮਾਤ ਨੂੰ ਨਸੀਹਤ ਕੀਤੀ ਕਿ ਆਪਣੇ ਸਚੱਾਈ ਦੇ ਮਿਆਰਾਂ ਨੂੰ ਬੁਲੰਦ ਕਰੋ ਅਤੇ ਆਪਣੇ ਅਤੇ ਹੋਰਨਾ ਵਿੱਚ ਅੰਤਰ ਪ੍ਰਕਟ ਕਰੋ । ਕੇਵਲ ਈਮਾਨ ਲੈ ਆਉਣਾ ਅਤੇ ਆਪਦੇ ਪ੍ਰਕਟ ਹੋਣ ਨੂੰ ਸਚੱਾ ਮੰਨ੍ਹ ਲੈਂਣਾ ਕੁਝ ਕੰਮ ਨਹੀਂ ਆਉਂਦਾ । ਰੱਬ ਕੁਰਆਨ ਕਰੀਮ ਵਿੱਚ ਵੀ ਹਕੀਕੀ ਮੋਮਿਨਾਂ ਦੀ ਇਹੋ ਨਿਸ਼ਾਨੀ ਦਸਦਾ ਹੈ ਕਿ 'ਲਾ ਯਸ਼ਹਾਦੂਨਜ਼ ਜ਼ੂਰਾ' (لَا يَشْهَدُونَ الزُّور) ਕਿ ਉਹ ਝੂਠੀ ਗਵਾਹੀ ਨਹੀਂ ਦਿੰਦੇ । ਫਿਰ ਸ਼ਿਰਕ (ਅਨੇਕ ਈਸ਼ਵਰ ਵਾਦ) ਅਤੇ ਝੂਠ ਬਾਰੇ ਦੱਸਿਆ ਕਿ ਇਹਨਾਂ ਤੋਂ ਬਚੋ । ਝੂਠ ਤੇ ਸ਼ਿਰਕ ਨੂੰ ਇਕਠੱਾ ਕੀਤਾ ਭਾਵ ਝੂਠ ਦਾ ਪਾਪ ਵੀ ਸ਼ਿਰਕ ਵਾਂਗ ਹੈ । ਰਬ ਨੇ ਕੁਰਆਨ ਸ਼ਰੀਫ਼ ਵਿੱਚ ਜੋ ਸ਼ਬਦ ਵਰਤਿਆ ਹੈ ਜੋ ਮੈਂ ਪੜ੍ਹਿਆ ਹੈ 'ਜ਼ੂਰ' ਦਾ ਸ਼ਬਦ ਵਰਤਿਆ ਹੈ ਜਿਸ ਦੇ ਅਰਥ ਹਨ ਝੂਠ, ਗ਼ਲਤ ਬੋਲਣਾ, ਗਲਤ ਗਵਾਹੀ ਦੇਣਾ, ਰੱਬ ਦਾ ਸ਼ਰੀਕ ਠਹਿਰਾਉਣਾ, ਅਜਿਹੀਆਂ ਸਭਾਵਾਂ ਜਾਂ

ਸੰਗਤ ਜਾਂ ਥਾਵਾਂ ਜਿੱਥੇ ਝੂਠ ਆਮ ਬੋਲਿਆਂ ਜਾਂਦਾ ਹੋਵੇ, ਇਸੇ ਪ੍ਰਕਾਰ ਗਾਣੇ ਵਜਾਣੇ ਅਤੇ ਵਿਅਰਥ ਗੱਲਾਂ ਦੀਆਂ ਸਭਾਵਾਂ ਆਦਿ ਇਹ ਸਾਰੀਆਂ 'ਜ਼ੂਰ' ਦੇ ਅਰਥਾਂ ਵਿੱਚ ਆਉਂਦੀਆਂ ਹਨ । ਸੋ, ਮੋਮਿਨ ਉਹ ਹਨ, ਰੱਬ ਦੇ ਬੰਦੇ ਉਹ ਹਨ ਜੋ ਝੂਠ ਨਹੀਂ ਬੋਲਦੇ, ਜੋ ਅਜਿਹੀਆਂ ਥਾਵਾਂ ਉਪੱਰ ਨਹੀਂ ਜਾਂਦੇ ਜਿੱਥੇ ਵਿਅਰਥ ਗਲੱਾਂ ਅਤੇ ਝੂਠ ਬੋਲਣ ਵਾਲਿਆਂ ਦੀਆਂ ਸੰਗਤਾਂ ਜੁੜੀਆਂ ਹੋਣ । ਉਹ ਰੱਬ ਦਾ ਸ਼ਰੀਕ ਨਹੀਂ ਬਣਉਂਦੇ, ਨ ਹੀ ਅਜਿਹੀਆਂ ਥਾਵਾਂ ਉਪੱਰ ਜਾਂਦੇ ਹਨ ਜਿੱਥੇ ਸ਼ਿਰਕ ਦੇ ਕੰਮ ਹੋ ਰਹੇ ਹੋਣ ਅਤੇ ਕਦੇ ਵੀ ਝੂਠੀ ਗਵਾਹੀ ਨਹੀਂ ਦਿੰਦੇ । ਇਸ ਲਈ ਜੇਕਰ ਸਾਡੇ ਵਿੱਚੋਂ ਹਰ ਕੋਈ ਇਸ ਪ੍ਰਕਾਰ ਝੂਠ ਤੋਂ ਬਚਦਾ ਰਹੇ ਤਾਂ ਅਜਿਹਾ ਪਰਿਵਰਤਨ ਆਪਣੇ ਅੰਦਰ ਕਰ ਸਕਦਾ ਹੈ ਜੋ ਹਕੀਕੀ ਮੋਮਿਨ ਬਣਾਉਂਦੀ ਹੈ । ਬਹਿਰਹਾਲ ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਭਾਸ਼ਣ ਦਾ ਉਹ ਭਾਗ ਪੇਸ਼ ਕਰਦਾ ਹਾਂ ਜੋ ਝੂਠ ਬਾਰੇ ਆਪ ਅਲੈਹਿ ਸਲਾਮ ਨੇ ਫ਼ਰਮਾਇਆ, ਇਸ ਨੂੰ ਗ਼ੌਰ ਨਾਲ ਸੁਣੋ, ਅੱਜ ਸਾਡੇ ਵਿੱਚੋਂ ਵੀ ਬਹੁਤ ਜਾਂ ਵਾਹਵਾ ਗਿਣਤੀ ਅਜਿਹੀ ਹੈ ਜਿਸ ਨੂੰ ਇਸ'ਤੇ ਗ਼ੌਰ ਕਰਨ ਦੀ ਲੋੜ ਹੈ ।

ਮੁਸਲਮਾਨਾਂ ਵਿੱਚ ਅੰਦਰੂਨੀ ਮਤਿਭੇਦ ਦਾ ਸਬਬ ਇਹੋ ਸੰਸਾਰਕ ਮੋਹ ਬਣਿਆ ਹੈ ਕਿਉਂਕਿ ਜੇਕਰ ਕੇਵਲ ਰੱਬ ਦੀ ਰਜ਼ਾ ਪਹਿਲ ਹੁੰਦੀ ਤਾਂ ਆਸਾਨੀ ਨਾਲ ਸਮਝ ਆ ਜਾਂਦਾ ਕਿ ਫ਼ਲਾਣੇ ਫਿਰਕੇ ਦੇ ਉਸੂਲ (ਨੀਯਮ) ਬਹੁਤੇ ਸਾਫ਼ ਹਨ ਅਤੇ ਉਹ ਉਹਨਾਂ ਨੂੰ ਕੁਬੂਲ ਕਰਕੇ ਇਕ ਹੋ ਜਾਂਦੇ । ਫ਼ਰਮਾਇਆ ਕਿ ਰੱਬ ਨੇ ਤਾਂ ਫ਼ਰਮਾਇਆ ਸੀ ਕਿ : "ਕੁਲ ਇਨ ਕੁੰਤੁਮ ਤੁਹਿਬੂੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ" (قل ان کنتم تحبون اللہ فاتبعونی یحببکم اللہ۔) ਅਰਥਾਤ ਜੇਕਰ ਤੁਸੀਂ ਰੱਬ ਨਾਲ ਪ੍ਰੇਮ ਕਰਦੇ ਹੋ ਤਾਂ ਮੇਰੀ ਪੈਰ੍ਹਵੀ ਕਰੋ, ਰੱਬ ਤੁਹਾਨੂੰ ਮਿਤੱਰ ਰੱਖੇਗਾ । ਫ਼ਰਮਾਇਆ ਕਿ ਆਪ ਦੇ ਪਦ ਚਿੰਨ੍ਹਾਂ ਉਪੱਰ ਚੱਲੋ ਫਿਰ ਦੇਖੋ ਕਿ ਰੱਬ ਕਿਵੇਂ ਕਿਵੇਂ ਮਿਹਰਾਂ ਕਰਦ ਹੈ । ਸਹਾਬਾ ਨੇ ਉਹ ਚਲਨ ਅਪਣਾਇਆ, ਫਿਰ ਦੇਖ ਲਓ ਕਿ ਰੱਬ ਨੇ ਉਹਨਾਂ ਨੂੰ ਕਿੱਥੋਂ ਕਿੱਥੇ ਤੱਕ ਪਹੁੰਚਾਇਆ । ਉਹਨਾਂ ਨੇ ਦੁਨੀਆਵੀ ਮੋਹ ਨੂੰ ਲੱਤ ਮਾਰ ਦਿੱਤੀ ਸੀ ਅਤੇ ਜੱਦ ਬਿਲਕੁਲ ਦੁਨੀਆ ਤੋਂ ਵਖੱਰੇ ਹੋ ਗਏ ਸਨ । ਆਪਣੀਆਂ ਇਛੱਾਵਾਂ ਉਪੱਰ ਇਕ ਮੌਤ ਧਾਰ ਲਈ ਸੀ । ਹੁਣ ਤੁਸੀਂ ਆਪਣੀ ਅਵਸਥਾ ਦਾ ਉਹਨਾਂ ਨਾਲ ਮੁਕਾਬਲਾ ਕਰਕੇ ਦੇਖ ਲਓ । ਕੀ ਉਹਨਾਂ ਦੇ ਪਦ ਚਿੰਨ੍ਹਾ'ਤੇ ਹੋ ? ਦੁੱਖ ਦੀ ਗੱਲ ਹੈ ਲੋਕ ਇਸ ਸਮੇਂ ਨਹੀਂ ਸਮਝਦੇ ਕਿ ਰੱਬ ਉਹਨਾਂ ਤੋਂ ਕੀ ਚਾਹੁੰਦਾ ਹੈ ?

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਬ ਦੇ ਹਵਾਲੇ ਨਾਲ ਇਕ ਗੱਲ ਵਰਨਣ ਕੀਤੀ, ਉਹ ਮਜਿਸਟ੍ਰੇਟ ਸਨ । ਕਹਿੰਦੇ ਹਨ ਕਿ ਇਕ ਵਾਰ ਮੇਰੇ ਕੋਲ ਇਕ ਮਨੁੱਖ ਆਇਆ ਜਿਸ ਨੂੰ ਮੈਂ ਜਾਣਦਾ ਸੀ । ਤਾਰੀਖ਼ ਸੀ ਗਵਾਹਾਂ ਦੀ ਪੇਸ਼ੀ ਹੋਣੀ ਸੀ । ਉਸ ਨੇ ਕਿਹਾ ਕਿ ਮੈਂਨੂੰ ਅਗਲੀ ਤਰੀਖ਼ ਦੇ ਦਿਓ ਮੇਰੇ ਗਵਾਹ ਹਾਜ਼ਰ ਨਹੀਂ ਹੋਏ, ਤਾਂ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਬ ਨੇ ਉਸ ਨੂੰ ਮਖ਼ੌਲ ਨਾਲ ਕਿਹਾ ਕਿ ਮੈਂ ਤਾਂ ਤੁਹਾਨੂੰ ਬਹੁਤ ਅਕਲਮੰਦ ਸਮਝਦਾ ਸੀ ਤੁਸੀਂ ਤਾਂ ਬਹੁਤ ਮੂਰਖ ਨਿਕਲੇ । ਗਵਾਹ ਤੁਸੀਂ ਕਿੱਥੋਂ ਲਿਆਉਣੇ ਹਨ ਬਾਹਰ ਜਾਓ ਕਿਸੇ ਨੂੰ ਅੱਠ ਆਨੇ ਰੁਪਈਆ ਦਿਓ ਉਹ ਤੁਹਾਡੇ ਗਵਾਹ ਬਣ ਜਾਣਗੇ । ਖ਼ੈਰ ਉਹ ਮਨੁੱਖ ਬਾਹਰ ਗਿਆ ਅਤੇ ਥੋੜੇ ਚਿਰ ਵਿੱਚ ਦੋ ਤਿੰਨ ਵਿਅਕਤੀ ਲੈ ਆਇਆ ਗਵਾਹ । ਜੱਦ ਉਹ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਬ ਗਵਾਹਾਂ ਨਾਲ ਜਿਰਾਹ ਕਰਦੇ ਸਨ ਤਾਂ ਉਹ ਗਵਾਹ ਬਹੁਤ ਜਵਾਬ ਦਿੰਦਾ ਕਿ ਹਾਂ, ਮੈਂ ਦੇਖਿਆ ਇਸ ਪ੍ਰਕਾਰ ਘਟਨਾ ਵਾਪਰੀ ਇਹ ਇਸ ਪ੍ਰਕਾਰ ਹੋਇਆ । ਹਜ਼ਰਤ ਮਿਰਜ਼ਾ ਸੁਲਤਾਨ ਸਾਹਬ ਕਹਿੰਦੇ ਹਨ ਕਿ ਮੈਂ ਦਿਲ ਵਿੱਚ ਹੱਸ ਰਿਹਾ ਸੀ ਸਗੋਂ ਉਸ ਦੇ ਸਾਹਮਣੇ ਹੀ ਹੱਸ ਰਿਹਾ ਸੀ ਕਿ ਮੇਰੇ ਕਹਿਣ'ਤੇ ਇਹ ਬਾਹਰ ਗਿਆ ਹੈ ਗਵਾਹ ਲੈ ਆਇਆ ਹੈ ਅਤੇ ਗਵਾਹ ਕਿੰਨ੍ਹੀ ਸਫ਼ਾਈ ਨਾਲ ਮੇਰੇ ਸਾਹਣੇ ਝੂਠ ਬੋਲ ਰਹੇ ਹਨ ਅਤੇ ਰੱਬ ਦੀ ਸਹੁੰ ਖਾਕੇ ਕੁਰਆਨ ਕਰੀਮ ਹੱਥ ਵਿੱਚ ਫ਼ੜਕੇ ਝੂਠ ਬੋਲ ਰਹੇ ਹਨ । ਉਸ ਦੇ ਬਾਦ ਜੱਦ ਉਹਨਾਂ ਨੇ ਗਵਾਹੀ ਦੇ ਦਿੱਤੀ । ਮੈਂ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਸ਼ਰਮ ਨਹੀਂ ਆਉਂਦੀ ਕਿ ਕੁਰਆਨ ਕਰੀਮ ਹੱਥ ਵਿੱਚ ਫੜ੍ਹ ਕੇ ਕੁਰਆਨ ਉਪੱਰ ਤੁਸੀਂ ਗਵਾਹੀ ਦੇ ਰਹੋ ਅਤੇ ਮੇਰੇ ਸਾਹਮਣੇ ਲੈਕੇ ਆਏ ਹੋ । ਇਹ ਹਾਲ ਹੈ ਗਵਾਹਾਂ ਦਾ ਅਤੇ ਅੱਜ ਵੀ ਇਹੋ ਹਾਲ ਹੈ । ਸਾਨੂੰ ਤਾਂ ਜਮਾਤ ਦੇ

ਵਿਰੁਧ ਮੁਕਦਮਿਆਂ ਵਿੱਚ ਬਹੁਤ ਵਾਰੀ ਦਿਖਾਈ ਦਿੰਦਾ ਹੈ ਕਿ ਬਹੁਤ ਸਾਰੇ ਲੋਕ ਜੋ ਮੁਜਰਮ ਵੀ ਨਹੀਂ ਹੁੰਦੇ ਪੇਸ਼ ਹੋ ਜਾਂਦੇ ਹਨ ਕਿਸੇ ਦੇ ਮੁਕਦਮੇ ਵਿੱਚ ਗਵਾਹ ਬਣਕੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਫ਼ਰਮਾਉਂਦੇ ਹਨ ਕਿ ਅੱਜ ਦੁਨੀਆ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਹੈ । ਜਿਸ ਪਾਸੇ ਤੇ ਜਿਸ ਰੂਪ ਰਾਹੀਂ ਦੇਖੀਏ ਝੂਠੇ ਗਵਾਹ ਬਣਾਏ ਜਾਂਦੇ ਹਨ । ਝੂਠੇ ਮੁਕਦਮੇ ਕਰਨਾ ਤਾਂ ਗੱਲ ਹੀ ਕੋਈ ਨਹੀਂ, ਝੂਠੇ ਸਰਟੀਫਿਕੇਟ ਲਏ ਜਾਂਦੇ ਹਨ । ਰੱਬ ਨੇ ਤਾਂ ਝੂਠ ਨੂੰ 'ਨਜਾਸਤ' (ਗੰਦ) ਕਿਹਾ ਸੀ ਕਿ ਇਸ ਤੋਂ ਬਚੋ : "ਫ਼ਜਤਨਿਬੁਰ ਰਿਜਸਾ ਮਿਨਲ ਔਸਾਨਿ ਵਜਤਾਨਿਬੂ ਕੌਲਜ਼ ਜ਼ੂਰ" ( فاجتنبواالرجس من الاوثان واجتنبوا قول الزور) ਬੁੱਤ ਪ੍ਰਸਤੀ ਨਾਲ ਇਸ ਝੂਠ ਨੂੰ ਮਿਲਾਇਆ ਹੈ, ਫ਼ਰਮਾਇਆ, ਜਿਵੇਂ ਮੂਰਖ ਮਨੁੱਖ ਰੱਬ ਨੂੰ ਛੱਡ ਕੇ ਪਥੱਰ ਵੱਲ ਝੁਕੱਦਾ ਹੈ, ਉਸੇ ਪ੍ਰਕਾਰ ਸਚੱਾਈ ਤੇ ਸੁਮਾਰਗ ਨੂੰ ਛੱਡ ਕੇ ਆਪਣੇ ਸਵਾਰਥ ਲਈ ਝੂਠ ਨੂੰ ਬੁੱਤ ਬਣਾਉਂਦਾ ਹੈ । ਇਹੋ ਕਾਰਣ ਹੈ ਕਿ ਰੱਬ ਨੇ ਇਸ ਨੂੰ ਬੁੱਤ ਪ੍ਰਸਤੀ ਨਾਲ ਮਿਲਾਇਆ ਹੈ ਅਤੇ ਇਸ ਤੋਂ ਤੁਲਨਾ ਦਿੱਤੀ ਜਿਵੇਂ ਇਕ ਬੁੱਤ ਪ੍ਰਸਤ ਬੁੱਤ ਤੋਂ ਮੁਕਤੀ ਚਾਹੁੰਦਾ ਹੈ । ਝੂਠ ਬੋਲਣ ਵਾਲਾ ਵੀ ਆਪਣੀ ਵੱਲੋਂ ਬੁੱਤ ਬਣਾਉਂਦਾ ਹੈ ਅਤੇ ਸਮਝਦਾ ਹੈ ਕਿ ਬੁੱਤ ਰਾਹੀਂ ਉਸ ਦੀ ਮੁਕਤੀ ਹੋ ਜਾਏਗੀ । ਕੇਹੀ ਖ਼ਰਾਬੀ ਆਣ ਪਈ ਹੈ ਜੇਕਰ ਕਿਹਾ ਜਾਵੇ ਕਿ ਕਿਉਂ ਬੁੱਤ ਪ੍ਰਸਤ ਬਣਦੇ ਹੋ, ਇਸ ਗੰਦਗੀ ਨੂੰ ਛੱਡ ਦਿਓ ਤਾਂ ਕਹਿੰਦੇ ਹਨ ਕਿ ਕਿਵੇਂ ਛੱਡ ਦੇਈਏ ਇਸ ਤੋਂ ਬਿਨਾ ਗੁਜ਼ਾਰਾ ਹੀ ਨਹੀਂ ਹੋ ਸਕਦਾ । ਇਸ ਤੋਂ ਵੱਧ ਕੇ ਹੋਰ ਕੀ ਬਦਕਿਸਮਤੀ ਹੋਵੇਗੀ ਕਿ ਝੂਠ ਉਪੱਰ ਆਪਣਾ ਨਿਰਭਰ ਸਮਝਦੇ ਹਨ, ਪਰ ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਅਖੀਰ ਸੱਚ ਹੀ ਸਫ਼ਲ ਹੁੰਦਾ ਹੈ, ਭਲਾਈ ਤੇ ਫ਼ਤਹਿ ਇਸੇ ਦੀ ਹੈ ।

ਫਿਰ ਆਪਣੀ ਇਕ ਘਟਨਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਸ ਨਿਮਾਣੇ ਨੇ ਇਸਲਾਮ ਦੇ ਪੱਖ ਵਿੱਚ ਆਰਿਆਂ ਦੇ ਟਾਕਰੇ'ਤੇ ਇਕ ਈਸਾਈ ਦੇ ਛਾਪੇਖਾਨੇ ਵਿੱਚ ਇਕ ਲੇਖ ਛਾਪਣ ਦੀ ਭਾਵਨਾ ਨਾਲ ਇਕ ਪੈਕਟ ਦੇ ਰੂਪ ਵਿੱਚ ਜਿਸ ਦੇ ਦੋਵੇਂ ਪਾਸੇ ਖੁੱਲੇ ਹੋਏ ਸਨ ਭੇਜਿਆ । ਫਰਮਾਇਆ ਕਿ ਅਤੇ ਉਸ ਪੈਕਟ ਵਿੱਚ ਇਕ ਪਤੱਰ ਵੀ ਰੱਖ ਦਿੱਤਾ । ਕਿਉਂਕਿ ਪਤੱਰ ਵਿੱਚ ਅਜਿਹੇ ਸ਼ਬਦ ਸਨ ਜਿੰਨਾ ਨਾਲ ਇਸਲਾਮ ਦੀ ਪਖੱਤਾ ਤੇ ਹੋਰਨਾ ਧਰਮਾ ਦੀ ਅਰਥਹੀਨਤਾ ਵੱਲ ਸੰਕੇਤ ਸੀ ਅਤੇ ਲੇਖ ਦੇ ਛਾਪ ਦੇਣ ਲਈ ਧਿਆਨ ਵੀ ਦੁਆਇਆ ਸੀ । ਇਸ ਕਰਕੇ ਉਹ ਈਸਾਈ, ਵਿਰੋਧੀ ਧਰਮ ਦਾ ਹੋਣ ਕਰਕੇ ਘ੍ਰਿਣਤ ਹੋਇਆ ਅਤੇ ਇਤਫ਼ਾਕਨ ਉਸ ਨੂੰ ਦੁਸ਼ਮਣੀ ਦਾ ਮੌਕਾ ਮਿਲ ਗਿਆ ਕਿ ਕਿਸੇ ਪਤੱਰ ਦਾ ਪੈਕਟ ਵਿੱਚ ਰਖੱਣਾ ਕਨੂਨ ਜੁਰਮ ਸੀ ਜਿਸ ਦਾ ਇਸ ਨਿਮਾਣੇ ਨੂੰ ਉਕੱਾ ਹੀ ਜਾਣਕਾਰੀ ਨਹੀਂ ਸੀ ਅਤੇ ਅਜਿਹੇ ਜੁਰਮ ਦੇ ਦੰਡ ਵਿੱਚ ਡਾਕ ਨੀਯਮਾ ਅਨੁਸਾਰ ਪੰਜ ਸੌ ਰੁਪਏ ਜੁਰਮਾਨਾ ਜਾਂ ਛੇ ਮਹੀਨਿ ਦੀ ਕੈਦ ਹੈ । ਸੋ, ਉਸ ਨੇ ਮੁਖ਼ਬਰ ਬਣਕੇ ਡਾਕ ਅਫਸਰਾਂ ਰਾਹੀਂ ਇਸ ਨਿਮਾਣੇ ਉਪੱਰ ਮੁਕਦੱਮਾ ਕਰਾ ਦਿੱਤਾ । ਸੋ, ਇਸ ਜੁਰਮ ਕਰਕੇ ਗੁਰਦਾਸਪੁਰ ਜ਼ਿਲੇ ਵਿੱਚ ਤਲਬ ਕੀਤਾ ਅਤੇ ਜਿੰਨ੍ਹਾ ਜਿੰਨ੍ਹਾ ਵਕੀਲਾਂ ਨਾਲ ਇਸ ਮੁਕਦੱਮੇ ਬਾਰੇ ਸਲਾਹ ਕੀਤੀ ਗਈ, ਉਹਨਾ ਨੇ ਇਹੋ ਸਲਾਹ ਦਿੱਤੀ ਕਿ ਬਿਨਾ ਝੂਠ ਬੋਲਿਆਂ ਇਸ ਲਈ ਹੋਰ ਕੋਈ ਮਾਰਗ ਨਹੀਂ ਅਤੇ ਇਕ ਸਲਾਹ ਦਿੱਤੀ ਕਿ ਇੰਝ ਪ੍ਰਕਟ ਕਰੋ ਕਿ ਅਸੀਂ ਪੈਕਟ ਵਿੱਚ ਪਤੱਰ ਨਹੀਂ ਪਾਇਆ, ਰਲੀਆ ਰਾਮ ਨੇ ਆਪ ਪਾ ਦਿੱਤਾ ਹੋਵੇਗਾ । ਅਤੇ ਤਸੱਲੀ ਦਿੰਦਿਆਂ ਹੋਇਆਂ ਕਿਹਾ ਕਿ ਅਜਿਹਾ ਬਿਆਨ ਦੇਣ ਨਾਲ ਗਵਾਹਾਂ ਉਪੱਰ ਫ਼ੈਸਲਾ ਹੋ ਜਾਵੇਗਾ ਅਤੇ ਦੋ ਚਾਰ ਝੂਠੇ ਗਵਾਹ ਦੇਕੇ ਬਰੀ ਹੋ ਜਾਓਗੇ । (ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵਕੀਲ ਸਲਾਹ ਦੇ ਰਹੇ ਹਨ ਕਿ ਝੂਠੇ ਗਵਾਹ ਪੇਸ਼ ਕਰੋ ) ਵਰਨਾ (ਵਕੀਲਾਂ ਨੇ ਕਿਹਾ ਕਿ) ਮੁਕਦੱਮੇ ਦੀ ਸੂਰਤ ਠੋਸ ਤੇ ਔਖੀ ਹੈ ਕੋਈ ਰਿਹਾਈ ਦਾ ਤਰੀਕਾ ਨਹੀਂ ਹੈ । (ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ) ਮੈਂ ਉਹਨਾਂ ਸਾਰਿਆਂ ਨੂੰ ਉਤੱਰ ਦੇ ਦਿੱਤਾ ਕਿ ਮੈਂ ਕਿਸੇ ਵੀ ਹਾਲਤ ਵਿੱਚ ਸਚੱਾਈ ਨੂੰ ਛਡੱਣਾ ਨਹੀਂ ਚਾਹੁੰਦਾ, ਜੋ ਹੋਵੇਗਾ ਸੋ ਹੋਵੇਗਾ । ਫਿਰ ਉਸੇ ਦਿਨ ਜਾਂ ਦੂਜੇ ਦਿਨ ਮੈਨੂੰ ਇਕ ਅੰਗ੍ਰੇਜ਼ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਮੇਰੇ ਮੁਕਾਬਲੇ ਵਿੱਚ ਡਾਕਖਾਨੇ ਦਾ ਅਫ਼ਸਰ ਸਰਕਾਰੀ ਮੁਦਈ ਵੱਜੋਂ ਹਾਜ਼ਰ ਹੋਇਆ । ਉਸ ਸਮੇਂ ਅਦਾਲਤ ਦੇ ਹਾਕਮ ਨੇ ਆਪਣੇ ਹੱਥ ਨਾਲ ਮੇਰਾ ਬਿਆਨ ਲਿੱਖਿਆ ਅਤੇ ਸਭ ਤੋਂ ਪਹਿਲਾਂ ਮੈਨੂੰ ਇਹੋ ਪ੍ਰਸ਼ਨ ਕੀਤਾ ਗਿਆ ਕਿ ਇਹ ਪਤੱਰ ਤੁਸੀਂ ਆਪਣੇ ਪੈਕਟ

ਵਿੱਚ ਰੱਖ ਦਿਤੱਾ ਸੀ ਅਤੇ ਇਹ ਪੱਤਰ ਤੇ ਪੈਕਟ ਤੁਹਾਡਾ ਹੈ ? ਤੱਦ ਮੈਂ ਬਿਨਾ ਦੇਰੀ ਕੀਤਿਆਂ ਉਤੱਰ ਦਿਤੱਾ ਕਿ ਇਹ ਮੇਰਾ ਹੀ ਪਤੱਰ ਤੇ ਮੇਰਾ ਹੀ ਪੈਕਟ ਹੈ ਅਤੇ ਮੈਂ ਹੀ ਇਸ ਪਤੱਰ ਨੂੰ ਪੈਕਟ ਵਿੱਚ ਰੱਖ ਕੇ ਰਵਾਨਾ ਕੀਤਾ ਸੀ ਪਰ ਮੈਂ ਸਰਕਾਰ ਨੂੰ ਨੁਕਸਾਨ ਪਹੁੰਚਾਉਣ ਜਾਂ ਪੈਸੇ ਬਚਾਉਣ ਦੀ ਬਦਨੀਤੀ ਨਾਲ ਇਹ ਕੰਮ ਨਹੀਂ ਕੀਤਾ । ਅਖੀਰ ਜੱਦ ਉਹ ਮੁਦਈ ਅਫਸਰ ਆਪਣੀਆਂ ਸਾਰੀਆਂ ਗੱਲਾਂ ਪੇਸ਼ ਕਰ ਚੁਕਿਆ ਅਤੇ ਆਪਣੇ ਸਾਰੇ ਹਵਾਲ਼ ਕੱਢ ਚੁਕਿਆ ਤਾਂ ਹਾਕਮ (ਜੱਜ) ਨੇ ਆਪਣਾ ਫ਼ੈਸਲਾ ਲਿਖੱਣ ਵੱਲ ਧਿਆਨ ਕੀਤਾ ਅਤੇ ਪੰਕਤੀ ਜਾਂ ਡੇਢ ਪੰਕਤੀ ਲਿਖੱਕੇ ਮੈਂਨੂੰ ਕਿਹਾ ਕਿ ਚੰਗਾ ਆਪ ਲਈ ਛੁੱਟੀ ਹੈ । ਇਹ ਸੁਣਕੇ ਮੈਂ ਅਦਾਲਤ ਦੇ ਕਮਰੇ'ਚੋਂ ਬਾਹਰ ਆਇਆ ਅਤੇ ਆਪਣੇ ਕਿਰਪਾਨਿਧਾਨ ਰੱਬ ਦਾ ਧੰਨਵਾਦ ਕੀਤਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਕਿਵੇਂ ਕਹਾਂ ਕਿ ਝੂਠ ਬਿਨਾਂ ਗੁਜ਼ਾਰਾ ਨਹੀਂ । ਅਜਿਹੀਆਂ ਗੱਲਾਂ ਨਿਰੀਆਂ ਮੂਰਖਤਾ ਹਨ । ਸੱਚ ਤਾਂ ਇਹ ਹੈ ਕਿ ਸੱਚ ਬਿਨਾ ਗੁਜ਼ਾਰਾ ਨਹੀਂ । "ਮੰਯ ਯਤਾਵਕੱਲ ਅਲਲੱਾਹਿ ਫ਼ਾਹੁਵਾ ਹਸਬੁਹੂ" (من يتوكل على الله فهو حسبهٗ) ਜੋ ਰੱਬ'ਤੇ ਪੂਰਨ ਭਰੋਸਾ ਕਰਦਾ ਹੈ ਰੱਬ ਉਸ ਲਈ ਬਹੁਤ ਹੋ ਜਾਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨਿਸ਼ਚੇ ਹੀ ਚੇਤੇ ਰੱਖੋ ਕਿ ਝੂਠ ਜਿਹੀ ਮਨਹੂਸ (ਮਾੜੀ) ਕੋਈ ਚੀਜ਼ ਨਹੀਂ । ਆਮ ਤੌਰ'ਤੇ ਦੁਨੀਆਦਾਰ ਕਹਿੰਦੇ ਹਨ ਕਿ ਸੱਚ ਬੋਲਣ ਵਾਲੇ ਗ੍ਰਿਫ਼ਤਾਰ ਹੋ ਜਾਂਦੇ ਹਨ ਪਰ ਮੈਂ ਕਿਵੇਂ ਇਸ ਦਾ ਵਿਸ਼ਵਾਸ ਕਰਾਂ ? ਮੇਰੇ ਉਪੱਰ ਸੱਤ ਮੁਕਦੱਮੇ ਹੋਏ ਹਨ ਅਤੇ ਰੱਬ ਦੀ ਮਿਹਰ ਨਾਲ ਕਿਸੇ ਇਕ ਮੁਕਦੱਮੇ ਵਿੱਚ ਵੀ ਇਕ ਵੀ ਸ਼ਬਦ ਮੈਂਨੂੰ ਝੂਠ ਲਿਖੱਣ ਦੀ ਲੋੜ ਨਹੀਂ ਪਈ । ਕੋਈ ਦੱਸੇ ਕਿ ਕਿਸੇ ਇਕ ਵਿੱਚ ਵੀ ਰੱਬ ਨੇ ਮੈਂਨੂੰ ਹਾਰ ਦਿੱਤੀ ਹੋਵੇ । ਅਲੱਾਹ ਤਆਲਾ ਤਾਂ ਆਪ ਸਚੱਾਈ ਦਾ ਹਾਮੀ ਤੇ ਸਹਾਇਕ ਹੈ । ਇਹ ਹੋ ਸਕਦਾ ਹੈ ਕਿ ਉਹ ਸੱਚੇ ਨੂੰ ਦੰਡ ਦੇਵੇ ?

ਫਿਰ ਆਪ ਫ਼ਰਮਾਉਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਸੱਚ ਬੋਲਣ ਨਾਲ ਜੋ ਦੰਡ ਪਾਉਂਦੇ ਹਨ ਉਹ ਸੱਚ ਦੇ ਸਬਬ ਨਹੀਂ ਹੁੰਦੀ, ਉਹ ਦੰਡ ਉਹਨਾਂ ਦੀਆਂ ਕੁਝ ਗੁਪਤ ਦਰ ਗੁਪਤ ਬਦੀਆਂ ਦੀ ਹੁੰਦੀ ਹੈ ਅਤੇ ਕਿਸੇ ਝੂਠ ਦਾ ਦੰਡ ਹੁੰਦਾ ਹੈ । ਖ਼ੁਦਾ ਤਆਲਾ ਕੋਲ ਤਾਂ ਉਹਨਾਂ ਦੀਆਂ ਬਦੀਆਂ ਅਤੇ ਸ਼ਰਾਰਤਾਂ ਦੀ ਲੜੀ ਹੁੰਦੀ ਹੈ । ਉਹਨਾਂ ਦੀਆਂ ਬਹੁਤ ਸਾਰੀਆਂ ਖ਼ਤਾਵਾਂ ਹੁੰਦੀਆਂ ਹਨ ਅਤੇ ਕਿਸੇ ਨ ਕਿਸੇ ਵਿੱਚ ਉਹ ਦੰਡ ਪਾ ਲੈਂਦੇ ਹਨ ।

ਫਰਮਾਇਆ ਜੋ ਮਨੁੱਖ ਸਚੱਾਈ ਅਪਣਾਏਗਾ ਕਦੇ ਨਹੀਂ ਹੋ ਸਕਦਾ ਕਿ ਜ਼ਲੀਲ ਹੋਵੇ, ਇਸ ਲਈ ਕਿ ਉਹ ਰੱਬ ਦੀ ਸੁਰੱਖਿਆ ਵਿੱਚ ਹੁੰਦਾ ਹੈ ਅਤੇ ਰੱਬ ਦੀ ਸੁਰੱਖਿਆ ਜਿਹਾ ਹੋਰ ਕੋਈ ਸੁਰੱਖਿਅਤ ਕਿਲਾ ਤੇ ਘੇਰਾ ਨਹੀਂ ਪਰ ਅਧੂਰੀ ਗੱਲ ਲਾਭ ਨਹੀਂ ਪਹੁੰਚਾ ਸਕਦੀ । ਕੀ ਕੋਈ ਕਹਿ ਸਕਦਾ ਹੈ ਕਿ ਜੱਦ ਤ੍ਰੇਹ ਲੱਗੀ ਹੋਵੇ ਤਾਂ ਕੇਵਲ ਇਕ ਬੂੰਦ ਪਾਣੀ ਪੀ ਲੈਂਣਾ ਬਹੁਤ ਹੋਵੇਗਾ ਜਾਂ ਚੰਗੀ ਭੁੱਖ ਸਮੇਂ ਇਕ ਦਾਣਾ ਜਾਂ ਇਕ ਨਿਵਾਲੇ ਨਾਲ ਢਿੱਡ ਭਰ ਜਾਵੇਗਾ । ਉਕੱਾ ਹੀ ਨਹੀਂ, ਸਗੋਂ ਜੱਦ ਤੱਕ ਪੂਰਾ ਰਜੱਕੇ ਪਾਣੀ ਨ ਪੀਏ ਜਾਂ ਖਾਣਾ ਨ ਖਾ ਲਏ ਤਸੱਲੀ ਨਹੀਂ ਹੋਵੇਗੀ । ਇਸੇ ਪ੍ਰਕਾਰ ਜੱਦ ਤੱਕ ਅਮਲਾਂ ਵਿੱਚ ਪੂਰਨਤਾ ਨ ਹੋਵੇ ਉਹ ਫਲ ਤੇ ਸਿੱਟੇ ਪ੍ਰਕਟ ਨਹੀਂ ਹੁੰਦੇ ਜੋ ਹੋਣੇ ਚਾਹੀਦੇ ਹਨ । ਮਾੜੇ ਅਮਲ ਰੱਬ ਨੂੰ ਖ਼ੁਸ਼ ਨਹੀਂ ਕਰ ਸਕਦੇ ਅਤੇ ਨ ਹੀ ਉਹ ਬਰਕਤਾਂ ਵਾਲੇ ਹੋ ਸਕਦੇ ਹਨ । ਰੱਬ ਦਾ ਇਹੋ ਵਾਦਾ ਹੈ ਕਿ ਮੇਰੀ ਮਰਜ਼ੀ ਅਨੁਸਾਰ ਅਮਲ ਕਰੋ ਫਿਰ ਬਰਕਤ ਦਿਆਂਗਾ । ਜੇਕਰ ਈਮਾਨਦਾਰੀ ਹੋਵੇ ਤਾਂ ਰੱਬ ਤਾਂ ਇਕ ਰੱਤੀ ਨੇਕੀ ਕਿਸੇ ਦੀ ਨਸ਼ਟ ਨਹੀਂ ਕਰਦਾ । ਉਸ ਨੇ ਤਾਂ ਆਪ ਫ਼ਰਮਾਇਆ ਹੈ ਕਿ 'ਮੰਯ ਯਾਮਲ ਮਿਸਕਾਲਾ ਜ਼ਰੱਾਤਿਨ ਖ਼ੈਰੰਯੱਰਾਹੁ' (من يعمل مثقال ذرة خيرا يرهٗ) (ਕਿ ਜਿਸ ਨੇ ਰੱਤੀ ਭਰ ਵੀ ਨੇਕੀ ਕੀਤੀ ਹੋਵੇਗੀ ਉਹ ਉਸ ਦੇ ਨਤੀਜੇ ਦੇਖੇਗਾ ਅਤੇ ਫਲ ਪਾਏਗਾ) । ਫ਼ਰਮਾਇਆ, ਇਸ ਲਈ ਜੇਕਰ ਰੱਤੀ ਭਰ ਵੀ ਨੇਕੀ ਕੀਤੀ ਹੋਵੇ ਤਾਂ ਰੱਬ ਤੋਂ ਉਸ ਦਾ ਵਟਾਂਦਰਾ ਪਾਏਗਾ । ਹੁਣ ਇਹਨਾਂ ਗੱਲਾਂ ਨੂੰ ਸਾਹਮਣੇ ਰਖੱਦਿਆਂ ਹੋਇਆਂ ਹਰ ਅਹਮਦੀ ਜਾਇਜ਼ਾ ਲਏ, ਉਧਾਰਣ ਲਈ ਕੁਝ ਗੱਲਾਂ ਅਜਿਹੀਆਂ ਵਰਨਣ ਕਰਦਾ ਹਾਂ । ਮੁਕਦੱਮਿਆਂ ਵਿੱਚ ਇਹ ਜਾਇਜ਼ਾ ਲਿਆ ਜਾਵੇ ਕਿ ਮੁਕਦੱਮਿਆ ਵਿੱਚ ਅਸੀਂ ਗ਼ਲਤ ਬਿਆਨੀ ਨਾਲ ਤਾਂ ਕੰਮ ਨਹੀਂ ਲੈਂਦੇ । ਫਿਰ ਅਸੀਂ ਕਾਰੋਬਾਰ ਵਿੱਚ ਲਾਭ ਖ਼ਾਤਰ ਗ਼ਲਤ ਬਿਆਨੀ ਨਾਲ ਤਾਂ ਕੰਮ ਨਹੀਂ ਲੈਂਦੇ । ਫਿਰ ਅਸੀਂ ਰਿਸ਼ਤੇ ਤੈਅ ਕਰਦੇ ਸਮੇਂ ਗ਼ਲਤ ਬਿਆਨੀਆਂ ਤਾਂ ਨਹੀਂ ਕਰਦੇ । ਕੀ ਹਰ ਪ੍ਰਕਾਰ ਸਚੱਾਈ

ਨਾਲ ਕੰਮ ਲੈਂਦੇ ਹਾਂ, ਲੜਕੇ ਬਾਰੇ ਅਤੇ ਲੜਕੀ ਬਾਰੇ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ । ਸਾਰਕਾਰ ਤੋਂ ਸੋਸ਼ਲ ਅਤੇ ਵੈਲਫ਼ੇਅਰ ਅਲਾਉਂਸ ਲੈਂਣ ਲਈ ਝੂਠ ਦਾ ਸਹਾਰਾ ਤਾਂ ਨਹੀਂ ਲੈਂਦੇ । ਇਸ ਬਾਰੇ ਤਾਂ ਬਹੁਤ ਲੋਕਾਂ ਵਿੱਚ ਨਕਾਰਾਤਮਕ ਪ੍ਰਭਾਵ ਪਾਇਆ ਜਾਂਦਾ ਹੈ ਕਿ ਆਪਣੀ ਆਮਦਨੀ ਲੁਕਾ ਕੇ ਸਰਕਾਰ ਤੋਂ ਅਲਾਉਂਸ ਲਿਆ ਜਾਂਦਾ ਹੈ ਅਤੇ ਇਸੇ ਕਰਕੇ ਟੈਕਸ ਦੀ ਅਦਾਇਗੀ ਵੀ ਨਹੀਂ ਕੀਤੀ ਜਾਂਦੀ । ਏਥੇ ਟੈਕਸ ਵੀ ਚੋਰੀ ਹੁੰਦਾ ਹੈ । ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਹੁਣ ਜੋ ਸਾਮੂਹਿਕ ਸਮਾਜਕ ਹਾਲਾਤ ਦੁਨੀਆ ਦੇ ਹਨ, ਹਰ ਹੁਕੂਮਤ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੀ ਹੈ ਜਾਂ ਹੋ ਗਈ ਹੈ ਅਤੇ ਜੇਕਰ ਨਹੀਂ ਹੋਈ ਤਾਂ ਹੋ ਜਾਏਗੀ । ਇਸ ਲਈ ਹੁਣ ਸਰਕਾਰਾਂ ਡੂੰਘਿਆਈ ਵਿੱਚ ਜਾਕੇ ਸਚੱਾਈ ਜਾਨਣ ਦਾ ਜਤਨ ਕਰਦੀਆਂ ਹਨ ਅਤੇ ਕਰ ਰਹੀਆਂ ਹਨ । ਸੋ, ਜੇਕਰ ਸਰਕਾਰ ਦੇ ਸਾਹਮਣੇ ਕੋਈ ਗਲਤ ਮਾਮਲਾ ਆ ਜਾਂਦਾ ਹੈ ਤਾਂ ਜਿੱਥੇ ਉਹ ਉਸ ਮਨੁੱਖ ਲਈ ਔਕੁੜਾਂ ਪੈਦਾ ਕਰਨਗੇ ਓਥੇ ਇਹ ਗੱਲਾਂ ਅਮਦੀਅਤ ਦੀ ਬਦਨਾਮੀ ਦਾ ਵੀ ਸਬਬ ਹੋਣਗੀਆਂ । ਜੇਕਰ ਇਹ ਪਤਾ ਹੋਵੇ ਕਿ ਇਹ ਮਨੁੱਖ ਅਹਮਦੀ ਹੈ । ਸੋ, ਜੋ ਇਸ ਪੱਖੋਂ ਕਿਸੇ ਵੀ ਗਲਤ ਬਿਆਨੀ ਨਾਲ ਕੰਮ ਲੈ ਰਹੇ ਹਨ ਉਹ ਸੰਸਾਰਕ ਲਾਭ ਨੂੰ ਨ ਦੇਖਣ । ਥੋੜੇ ਵਿੱਚ ਗ਼ੁਜ਼ਾਰਾ ਕਰਕੇ ਝੂਠ ਤੋਂ ਬਚਕੇ ਰੱਬ ਨੂੰ ਰਾਜ਼ੀ ਕਰਨ ਦਾ ਜਤਨ ਕਰਨ । ਅਹੁਦੇਦਾਰ ਵੀ ਆਪਣੇ ਜਾਇਜ਼ੇ ਲੈਂਣ ਕਿ ਉਹ ਆਪਣੀਆਂ ਰਿਪੋਰਟਾਂ ਵਿੱਚ ਗ਼ਲਤ ਬਿਆਨੀ ਤਾਂ ਨਹੀਂ ਕਰਦੇ ਜਾਂ ਕੋਈ ਅਜਿਹੀ ਗੱਲ ਤਾਂ ਨਹੀਂ ਛੱਡ ਦਿੰਦੇ ਜਿਸ ਦੀ ਮਹਤੱਾ ਹੋਵੇ । ਕਈ ਵਾਰ ਜੇਕਰ ਝੂਠ ਨ ਵੀ ਬੋਲਿਆ ਜਾਵੇ । ਪਹਿਲਾਂ ਵੀ ਮੈਂ ਕਿਹਾ ਸੀ ਇਕ ਵਾਰ ਖ਼ੁਤਬੇ ਵਿੱਚ ਕਿ ਜੇਕਰ ਪੂਰੀ ਤਰ੍ਹਾਂ ਸਚੱਾਈ ਨਾਲ ਕੰਮ ਨ ਲਿਆ ਜਾਵੇ ਤਾਂ ਉਹ ਵੀ ਗ਼ਲਤ ਹੈ । ਤਕਵਾ (ਸੰਜਮਤਾ) ਨਾਲ ਕੰਮ ਲੈਂਦਿਆਂ ਹੋਇਆਂ ਸਮੱਸਿਆਵਾਂ ਨੂੰ ਨਿਪਟਾਉਣਾ ਚਾਹੀਦਾ ਹੈ । ਇਸ ਲਈ ਬਹੁਤ ਡੂੰਘਿਆਈ ਵਿੱਚ ਜਾਕੇ ਮਾਮਲਿਆਂ ਨੂੰ ਦੇਖਣ ਦੀ ਲੋੜ ਹੁੰਦੀ ਹੈ । ਹਰ ਇਕ ਆਪਣੇ ਹਿਤਾਂ ਤੋਂ ਬਾਹਰ ਨਿਕਲ ਕੇ ਆਪਣੀ ਅਣਖਤਾ ਤੋਂ ਬਾਹਰ ਨਿਕਲਕੇ ਰੱਬ ਦੇ ਖ਼ੌਫ਼ ਨੂੰ ਸਾਹਮਣੇ ਰਖੱਦਿਆਂ ਹੋਇਆਂ ਆਪਣੇ ਮਾਮਲੇ ਨਿਪਟਾਏ ਅਤੇ ਇਸ ਪ੍ਰਕਾਰ ਆਪਣੇ ਮਾਮਲੇ ਨਿਬੇੜਨੇ ਚਾਹੀਦੇ ਹਨ । ਜੇਕਰ ਇਹ ਸਭ ਕੁਝ ਨਹੀਂ ਤਾਂ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਸਭ ਦੁਨੀਆਦਾਰੀ ਦਾ ਪ੍ਰਗਟਾਵਾ ਹੈ ਅਤੇ ਜੱਦ ਦੁਨੀਆ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਮਤਿਭੇਦਾ ਵੱਲ ਲੈ ਜਾਂਦੀ ਹੈ ਅਤੇ ਮਤਿਭੇਦਾ ਤੋਂ ਫਿਰ ਪ੍ਰਕਟ ਹੈ ਜਮਾਤ ਦੀ ਏਕਤਾ ਕਾਇਮ ਨਹੀਂ ਰਹਿੰਦੀ ਜਾਂ ਘੱਟੋ ਘੱਟ ਉਸ ਸਮਾਜ ਵਿੱਚ ਉਸ ਖੇਤਰ ਵਿੱਚ ਇਕ ਫਸਾਦ ਪੈਦਾ ਹੋ ਜਾਂਦਾ ਹੈ ਅਤੇ ਉਹ ਏਕਤਾ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪੈਦਾ ਕਰਨ ਆਏ ਸਨ ਉਹ ਖ਼ਤਮ ਹੋ ਜਾਂਦੀ ਹੈ । ਜੱਦ ਦੁਨੀਆ ਕਰਕੇ ਹੀ ਬਾਕੀ ਫਿਰਕੇ ਬਣੇ ਸਨ । ਇਸੇ ਪ੍ਰਕਾਰ ਫਿਰ ਇਕ ਫਿਰਕਾ ਬਣ ਜਾਏਗਾ । ਭਾਵ ਇਹ ਕਿ ਇਕ ਬੁਰਾਈ ਤੋਂ ਕਈ ਬੁਰਾਈਆਂ ਜਨਮ ਲੈਂਦੀਆਂ ਹਨ । ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਬੁਰਾਈਆਂ ਫਿਰ ਬੱਚੇ ਦਿੰਦੀਆਂ ਜਾਂਦੀਆਂ ਹਨ ।

ਸੋ, ਅਹਮਦੀ ਹੋਣ ਕਰਕੇ ਸਾਡੇ ਉਪੱਰ ਬਹੁਤ ਜ਼ਿੰਮੇਦਾਰੀਆਂ ਪੈ ਰਹੀਆਂ ਹਨ ਜਿੰਨ੍ਹਾ ਨੂੰ ਸਾਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਵਾਸਤਵਿਕ ਅਹਮਦੀ ਤਾਂ ਉਹੋ ਹੈ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਪਦ ਚਿੰਨ੍ਹਾ ਉਪੱਰ ਚਲੱਣ ਦਾ ਜਤਨ ਕਰੇ ਅਤੇ ਰੱਬ ਦਾ ਬਨਣ ਦਾ ਜਤਨ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਇਸੇ ਬਾਰੇ ਜੋ ਮੈਂ ਪਹਿਲਾਂ ਵਰਨਣ ਕਰ ਆਇਆ ਹਾਂ :

ਕਿ ਇਹ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਜੋ ਮਨੁੱਖ ਰੱਬ ਲਈ ਹੋ ਜਾਵੇ ਰੱਬ ਉਸ ਦਾ ਹੋ ਜਾਂਦਾ ਹੈ ਅਤੇ ਰੱਬ ਕਿਸੇ ਦੇ ਧੋਖੇ ਵਿੱਚ ਨਹੀਂ ਆਉਂਦਾ । ਜੇਕਰ ਕੋਈ ਇਹ ਚਾਹੇ ਕਿ ਦਿਖਾਵੇ ਜਾਂ ਫ਼ਰੇਬ ਰਾਹੀਂ ਰੱਬ ਨੂੰ ਠੱਗ ਲਵਾਂਗਾ ਤਾਂ ਇਹ ਮੂਰਖਤਾ ਹੈ ਅਗਿਆਨਤਾ ਹੈ । ਉਹ ਆਪ ਹੀ ਧੋਖਾ ਖਾ ਰਿਹਾ ਹੈ । ਦੁਨੀਆ ਦੀ ਸੁੰਦਰਤਾ, ਦੁਨੀਆ ਦਾ ਪ੍ਰੇਮ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ । ਇਸ ਲਈ ਰੱਬ ਦੇ ਸਨਮਾਨ ਨੂੰ ਦਿਲ ਵਿੱਚ ਰਖੱਣਾ ਚਾਹੀਦਾ ਹੈ ਅਤੇ ਉਸ ਤੋਂ ਹਮੇਸ਼ਾਂ ਡਰਨਾ ਚਾਹੀਦਾ ਹੈ । ਉਸ ਦੀ ਪਕੜ ਖ਼ਤਰਨਾਕ ਹੁੰਦੀ ਹੈ । ਉਹ ਅਣਡਿੱਠ ਕਰਦਾ ਹੈ ਅਤੇ ਖਿਮਾ ਕਰਦਾ ਹੈ ਪਰ ਜੱਦ ਕਿਸੇ ਨੂੰ ਫੜਦਾ ਹੈ ਤਾਂ ਫਿਰ ਬਹੁਤ ਕਰੜਾ ਫੜਦਾ ਹੈ ਏਥੋਂ ਤੱਕ ਕਿ 'ਲਾ ਯੁਖ਼ਾਫੁ ਉਕਬਾਹਾ' (لا یخاف عقبٰہا) । ਫਿਰ ਉਹ ਇਸ ਗੱਲ ਦੀ ਵੀ ਪਰਵਾਹ

ਨਹੀਂ ਕਰਦਾ ਕਿ ਉਸ ਦੇ ਮਗਰਲਿਆਂ ਦਾ ਕੀ ਹਾਲ ਹੋਵੇਗਾ । ਇਸ ਵਿਰੁਧ ਕਿ ਜੋ ਲੋਕ ਰੱਬ ਤੋਂ ਡਰਦੇ ਹਨ ਅਤੇ ਉਸ ਦੇ ਸਨਮਾਨ ਨੂੰ ਦਿਲ ਵਿੱਚ ਥਾਂ ਦਿੰਦੇ ਹਨ । ਰੱਬ ਉਹਨਾਂ ਨੂੰ ਸਨਮਾਨ ਦਿੰਦਾ ਹੈ ਅਤੇ ਆਪ ਉਹਨਾਂ ਲਈ ਇਕ ਢਾਲ ਬਣ ਜਾਂਦਾ ਹੈ । ਹਦੀਸ ਵਿੱਚ ਆਇਆ ਹੈ 'ਮਨ ਕਾਨਾ ਲਿਲੱਾਹਿ ਕਾਨਲੱਾਹੁ ਲਹੂ' ( من کان للہ کان اللہ لہ) ਅਰਥਾਤ ਜੋ ਮਨੁੱਖ ਰੱਬ ਲਈ ਹੋ ਜਾਵੇ ਰੱਬ ਉਸ ਦਾ ਹੋ ਜਾਂਦਾ ਹੈ । ਫ਼ਰਮਾਇਆ ਕਿ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਹਰ ਤਰੱਕੀ ਸਹਿਜੇ ਹੁੰਦੀ ਹੈ । ਰੱਬ ਨਿਰੀਆਂ ਗੱਲਾਂ ਤੋਂ ਖ਼ੁਸ਼ ਨਹੀਂ ਹੋ ਸਕਦਾ ਕਿ ਆਖ ਦਿਤੱਾ ਕਿ ਅਸੀਂ ਮੁਸਲਮਾਨ ਹਾਂ ਜਾਂ ਮੋਮਿਨ ਹਾਂ । ਕਿਉਂਕਿ ਉਸ ਨੇ ਫ਼ਰਮਾਇਆ ਹੈ ਕਿ 'ਅਹਸਿਬਨੱਾਸਿ ਅੰਯ ਯੁਤਰਾਕੂ ਅੰਯ ਯਕੂਲੂ ਆਮਨੱਾ ਵਹੁਮ ਲਾ ਯੁਫ਼ਤਾਨੂਨ' (احسب الناس ان یترکوا ان یقولوا امنا وھم لا یفتنون) ਅਰਥਾਤ ਇਹ ਲੋਕ ਗੁਮਾਨ ਕਰੀ ਬੈਠੇ ਹਨ ਕਿ ਰੱਬ ਕੇਵਲ ਐਨ੍ਹਾ ਹੀ ਕਹਿਣ'ਤੇ ਰਾਜ਼ੀ ਹੋ ਜਾਵੇਗਾ ਅਤੇ ਇਹ ਲੋਕ ਛੱਡ ਦਿੱਤੇ ਜਾਣਗੇ ਕਿ ਉਹ ਕਹਿ ਦੇਣ ਕਿ ਅਸੀਂ ਈਮਾਨ ਲਿਆਏ ਅਤੇ ਉਨ੍ਹਾ ਦੀ ਕੋਈ ਪ੍ਰੀਖਿਆ ਨਹੀਂ ਹੋਵੇਗੀ ।

ਇਸਲਾਮ ਨੇ ਇਹ ਸਿੱਖਿਆ ਦਿੱਤੀ ਹੈ ਕਿ 'ਕਦ ਅਫ਼ਲਾਹਾ ਮਨ ਜ਼ਕੱਾਹਾ' (قد افلح من زکھا) ਅਰਥਾਤ ਮੁਕਤੀ ਪਾ ਗਿਆ ਉਹ ਮਨੁੱਖ ਜਿਸ ਨੇ ਆਪਣੇ ਨਫ਼ਸ ਦੀ ਪੜਤਾਲ ਕੀਤੀ । ਅਰਥਾਤ ਜਿਸ ਨੇ ਹਰ ਪ੍ਰਕਾਰ ਦੀ ਕੁਰੀਤੀ, ਝਗੜੇ, ਫ਼ਸਾਦ ਤੇ ਬੁਰਾਈ ਤੋਂ ਆਪਣੇ ਆਪਨੂੰ ਰੱਬ ਖਾਤਰ ਵਖੱਰਾ ਕਰ ਲਿਆ ਅਤੇ ਹਰ ਪ੍ਰਕਾਰ ਦੇ ਨਫ਼ਸਾਨੀ ਆਨੰਦ ਨੂੰ ਰੱਬ ਖਾਤਰ ਤਿਆਗ ਕੇ ਰੱਬ ਦੇ ਮਾਰਗ ਲਈ ਔਕੁੜਾਂ ਨੂੰ ਪਹਿਲ ਦੇ ਦਿੱਤੀ । ਅਜਿਹਾ ਮਨੁੱਖ ਵਾਸਤਵ ਵਿੱਚ ਮੁਕਤੀ ਪਾਉਣ ਵਾਲਾ ਹੈ ਜੋ ਰੱਬ ਨੂੰ ਪਹਿਲ ਦਿੰਦਾ ਹੈ ਅਤੇ ਦੁਨੀਆਂ ਅਤੇ ਉਸ ਦੇ ਕਸ਼ਟਾਂ ਨੂੰ ਛਡੱਦਾ ਹੈ ।

ਰੱਬ ਕਰੇ ਕਿ ਅਸੀਂ ਆਪਣੇ ਅੰਦਰ ਅਮਲੀ ਤਬਦੀਲੀਆਂ ਪੈਦਾ ਕਰਨ ਵਾਲੇ ਹੋਈਏ । ਸਚੱਾਈ ਦੇ ਮਿਆਰਾਂ ਦੀ ਮਹਤੱਾ ਨੂੰ ਸਮਝਣ ਵਾਲੇ ਹੋਈਏ । ਧਰਮ ਨੂੰ ਦੁਨੀਆਂ ਉਪੱਰ ਪਹਿਲ ਦੇਣ ਵਾਲੇ ਹੋਈਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਕੇਵਲ ਆਪਣੇ ਮੂੰਹੋਂ ਨਹੀਂ ਸਗੋਂ ਹਕੀਕਤ ਵਿੱਚ ਆਪ ਦੇ ਆਉਣ ਦੇ ਉਦੇਸ਼ ਨੂੰ ਸਮਝਣ ਵਾਲੇ ਹੋਈਏ ਅਤੇ ਉਸ ਨੂੰ ਪੂਰਾ ਕਰਨ ਵਾਲੇ ਹੋਈਏ । ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਪਦ ਚਿੰਨ੍ਹਾ ਓਪੱਰ ਚਲੱਣ ਦਾ ਭਰਪੂਰ ਜਤਨ ਕਰਨ ਵਾਲੇ ਅਤੇ ਰੱਬ ਦੀ ਰਜ਼ਾ ਨੂੰ ਹਰ ਚੀਜ਼'ਤੇ ਪਹਿਲ ਦੇਕੇ ਉਸ ਨੂੰ ਪ੍ਰਾਪਤ ਕਰਨ ਦਾ ਜਤਨ ਕਰਨ ਵਾਲੇ ਹੋਈਏ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਕਾਸਿਮ ਤੂਰੇ ਸਾਹਬ ਮੁਬਲੱਗ਼ ਸਿਲਸਿਲਾ ਦੀ ਵਫ਼ਾਤ ਦੀ ਸੂਚਨਾ ਦਿੰਦਿਆਂ ਹੋਇਆਂ ਉਹਨਾਂ ਦੇ ਸਦਗੁਣਾ ਤੇ ਸੇਵਵਾਂ ਦਾ ਵਰਨਣ ਕਰਦਿਆਂ ਹੋਇਆਂ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 05.02.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131